# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

deose.bathinda@punjabeducation.gov.in

ਵੱਲ

ਸਮੂਹ ਸਕੂਲ ਮੁਖੀ,
ਸਰਕਾਰੀ,ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ : ਜੀ-1/1 ( )2026/ 5042
ਮਿਤੀ ਬਠਿੰਡਾ : 16-09-26

ਵਿਸ਼ਾ: **15ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੌਰਾਨ ਪੁਸਤਕ ਪ੍ਰਦਰਸ਼ਨੀ ਅਤੇ ਸਾਹਿਤਕ-ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਸਬੰਧੀ।**

ਉਪਰੋਕਤ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਨਾਟਿਅਮ ਪੰਜਾਬ ਵੱਲੋਂ ਬਠਿੰਡਾ ਵਿਖੇ 26 ਸਤੰਬਰ ਤੋਂ 10 ਅਕਤੂਬਰ 2026 ਤੱਕ 15ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦਾ ਆਯੋਜਨ ਕੀਤਾ ਜਾ ਰਿਹਾ ਹੈ। ਫੈਸਟੀਵਲ ਦੇ ਇੱਕ ਮਹੱਤਵਪੂਰਨ ਹਿੱਸੇ ਵਜੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਜਾ ਰਹੀ ਹੈ । ਜਿਸ ਵਿੱਚ ਵੱਖ-ਵੱਖ ਪ੍ਰਸਿੱਧ ਪ੍ਰਕਾਸ਼ਕਾਂ, ਸਾਹਿਤਕ ਸੰਸਥਾਵਾਂ ਅਤੇ ਪੁਸਤਕ ਸਟਾਲਾਂ ਵੱਲੋਂ ਭਾਗ ਲਿਆ ਜਾਵੇਗਾ। ਇੱਥੇ ਵੱਖ-ਵੱਖ ਵਿਸ਼ਿਆਂ ਅਤੇ ਸਾਹਿਤਕ ਵਿਧਾਵਾਂ ਨਾਲ ਸਬੰਧਤ ਪੁਸਤਕਾਂ ਉਪਲਬਧ ਹੋਣਗੀਆਂ।

ਪੁਸਤਕ ਪ੍ਰਦਰਸ਼ਨੀ ਸਵੇਰੇ 11:00 ਵਜੇ ਸ਼ੁਰੂ ਹੋਵੇਗੀ। ਇਸ ਰਾਹੀਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਦੇਖਣ, ਆਪਣੀ ਰੁਚੀ ਅਨੁਸਾਰ ਪੁਸਤਕਾਂ ਦੀ ਚੋਣ ਕਰਨ ਅਤੇ ਨਵੇਂ ਲੇਖਕਾਂ ਤੇ ਵਿਸ਼ਿਆਂ ਨਾਲ ਜਾਣੂ ਹੋਣ ਦਾ ਮੌਕਾ ਮਿਲੇਗਾ। ਪੁਸਤਕਾਂ ਵਿਦਿਆਰਥੀਆਂ ਦੇ ਬੌਧਿਕ ਅਤੇ ਸਿਰਜਣਾਤਮਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਪੜ੍ਹਨ ਦੀ ਆਦਤ ਨਾ ਸਿਰਫ਼ ਗਿਆਨ ਅਤੇ ਭਾਸ਼ਾਈ ਸਮਰੱਥਾ ਵਿੱਚ ਵਾਧਾ ਕਰਦੀ ਹੈ, ਸਗੋਂ ਕਲਪਨਾ, ਸਿਰਜਣਾਤਮਕਤਾ, ਆਲੋਚਨਾਤਮਕ ਸੋਚ, ਸੰਵੇਦਨਸ਼ੀਲਤਾ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਮਝਣ ਦੀ ਸਮਰੱਥਾ ਦਾ ਵੀ ਵਿਕਾਸ ਕਰਦੀ ਹੈ। ਅਜੋਕੇ ਡਿਜ਼ੀਟਲ ਯੁੱਗ ਵਿੱਚ ਬੱਚਿਆਂ ਵਿੱਚ ਪੁਸਤਕਾਂ ਅਤੇ ਪੜ੍ਹਨ ਪ੍ਰਤੀ ਨਿਰੰਤਰ ਰੁਚੀ ਪੈਦਾ ਕਰਨਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਫੈਸਟੀਵਲ ਦੌਰਾਨ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਕਈ ਸਾਹਿਤਕ, ਸਿਰਜਣਾਤਮਕ ਅਤੇ ਸੰਵਾਦਾਤਮਕ ਗਤੀਵਿਧੀਆਂ ਵੀ ਕਰਵਾਈਆਂ ਜਾਣਗੀਆਂ। ਸ਼ਾਮ 4:00 ਵਜੇ ਤੋਂ ਵਿਸ਼ੇਸ਼ Art & Creative Workshop ਕਰਵਾਈ ਜਾਵੇਗੀ।

ਇਸ ਤੋਂ ਬਾਅਦ Open Mic, Open Talk,Talk Shows, ਸਾਹਿਤਕ ਵਿਚਾਰ-ਵਟਾਂਦਰੇ ਅਤੇ ਹੋਰ ਸੰਵਾਦਾਤਮਕ ਸੈਸ਼ਨ ਕਰਵਾਏ ਜਾਣਗੇ। ਫੈਸਟੀਵਲ ਦੀ ਇੱਕ ਵਿਸ਼ੇਸ਼ ਵਿਸ਼ੇਸ਼ਤਾ ਇਹ ਹੋਵੇਗੀ ਕਿ ਵਿਦਿਆਰਥੀਆਂ ਨੂੰ ਸਾਹਿਤ, ਰੰਗਮੰਚ ਅਤੇ ਸਿਨੇਮਾ ਜਗਤ ਦੀਆਂ ਨਾਮਵਰ ਹਸਤੀਆਂ ਨਾਲ ਮਿਲਣ ਅਤੇ ਸਿੱਧੀ ਗੱਲਬਾਤ ਕਰਨ ਦਾ ਮੌਕਾ ਮਿਲੇਗਾ। ਇਨ੍ਹਾਂ ਸੰਵਾਦਾਂ ਰਾਹੀਂ ਵਿਦਿਆਰਥੀ ਉਨ੍ਹਾਂ ਦੇ ਅਨੁਭਵ ਸੁਣ ਸਕਣਗੇ, ਆਪਣੇ ਸਵਾਲ ਪੁੱਛ ਸਕਣਗੇ, ਆਪਣੇ ਵਿਚਾਰ ਸਾਂਝੇ ਕਰ ਸਕਣਗੇ ਅਤੇ ਰਚਨਾਤਮਕ ਖੇਤਰਾਂ ਦੀ ਦੁਨੀਆ ਨੂੰ ਹੋਰ ਨੇੜਿਓਂ ਸਮਝ ਸਕਣਗੇ। ਇਸ ਲਈ ਸਮੂਹ ਸਕੂਲ ਮੁਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਪੁਸਤਕ ਪ੍ਰਦਰਸ਼ਨੀ ਦਾ ਦੌਰਾ ਕਰਨ ਅਤੇ ਫੈਸਟੀਵਲ ਦੌਰਾਨ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨ। ਸਕੂਲਾਂ ਵੱਲੋਂ ਅਧਿਆਪਕਾਂ ਦੀ ਅਗਵਾਈ ਹੇਠ ਵਿਦਿਆਰਥੀਆਂ ਦੇ ਸਮੂਹਿਕ ਦੌਰੇ ਕਰਵਾਏ ਜਾ ਸਕਦੇ ਹਨ। ਵਿਸ਼ੇਸ਼ ਤੌਰ 'ਤੇ 9ਵੀਂ, 10ਵੀਂ, +1 ਅਤੇ +2 ਜਮਾਤਾਂ ਦੇ ਵਿਦਿਆਰਥੀਆਂ ਨੂੰ ਇਸ ਉਪਰਾਲੇ ਨਾਲ ਜੋੜਨ ਲਈ ਯਤਨ ਕੀਤੇ ਜਾਣ। ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਕੇਵਲ ਪ੍ਰਦਰਸ਼ਨੀ ਦੇਖਣ ਤੱਕ ਸੀਮਿਤ ਨਾ ਰੱਖਦੇ ਹੋਏ ।ਉਨ੍ਹਾਂ ਨੂੰ ਪੁਸਤਕਾਂ ਦੀ ਪੜਚੋਲ ਕਰਨ, ਆਪਣੀ ਰੁਚੀ ਅਨੁਸਾਰ ਪੁਸਤਕਾਂ ਚੁਣਨ, ਸਾਹਿਤਕ ਅਤੇ ਸੰਵਾਦਾਤਮਕ ਗਤੀਵਿਧੀਆਂ ਵਿੱਚ ਭਾਗ ਲੈਣ ਅਤੇ ਲੇਖਕਾਂ, ਰੰਗਮੰਚੀ ਕਲਾਕਾਰਾਂ ਅਤੇ ਸਿਨੇਮਾ ਹਸਤੀਆਂ ਨਾਲ ਗੱਲਬਾਤ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਵੇ। ਆਸ ਹੈ ਕਿ ਸਕੂਲ ਇਸ ਮੌਕੇ ਨੂੰ ਵਿਦਿਆਰਥੀਆਂ ਲਈ ਇੱਕ ਸਾਰਥਕ ਸਿੱਖਿਆਤਮਕ ਅਨੁਭਵ ਬਣਾਉਣਗੇ ਅਤੇ ਉਨ੍ਹਾਂ ਵਿੱਚ ਪੜ੍ਹਨ, ਸਿਰਜਣਾਤਮਕਤਾ, ਸੰਵਾਦ ਅਤੇ ਕਲਾਸਰੂਮ ਤੋਂ ਬਾਹਰ ਨਿਰੰਤਰ ਸਿੱਖਣ ਦੀ ਸੰਸਕ੍ਰਿਤੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣਗੇ। ਵਧੇਰੇ ਜਾਣਕਾਰੀ ਅਤੇ ਭਾਗ ਲੈਣ ਲਈ ਤੁਸੀਂ ਨਾਟਿਅਮ ਪੰਜਾਬ ਦੀ ਈ-ਮੇਲ ਆਈ.ਡੀ. natyampunjab@gmail.com 'ਤੇ ਸੰਪਰਕ ਕਰ ਸਕਦੇ ਹੋ।

ਨੱਥੀ - ਨਾਟਿਅਮ ਸੰਸਥਾ ਵੱਲੋਂ ਪ੍ਰਾਪਤ ਸੱਦਾ ਪੱਤਰ

16/9/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ

# NATYAM PUNJAB

To
District Education Officer (SE),
Bathinda.

Subject: Participation of students in the Book Exhibition and Literary-Cultural Activities during the 15th Natyam National Theatre Festival, Bathinda.

Sir/Madam,

It is intimated that Natyam Punjab is organising the 15th Natyam National Theatre Festival from 26th September to 10th October 2026 at Bathinda. As an important part of the festival, a Book Exhibition is being organised with the participation of various reputed publishers, literary organisations and book stalls, offering books on diverse subjects and literary genres.

The Book Exhibition will open at 11.00 AM and will provide students with an opportunity to explore a wide variety of books, discover authors and subjects of their interest, and develop a meaningful connection with reading and literature.

Books play a vital role in shaping young minds. Reading not only enhances knowledge and language skills but also develops imagination, creativity, critical thinking, sensitivity and the ability to understand different perspectives. In the present digital age, encouraging children to develop a sustained interest in books and reading is especially important.

The festival also offers a range of literary, creative and interactive activities for students and young people. A special Art & Creative Workshop will be organised from 4:00 PM onwards, followed by activities such as Open Mic, Open Talk, Talk Shows, literary discussions and interactive sessions.

An especially enriching feature of the festival will be the opportunity for students to meet and interact with renowned personalities from the fields of literature, theatre and cinema. Such conversations will enable students to listen to their experiences, ask questions, express their own thoughts and gain a closer understanding of the creative world.

In view of the above, all Heads of Schools are requested to encourage and facilitate visits of their students to the Book Exhibition and participation in the various activities being organised during the festival. Schools may organise group visits under the supervision of teachers, particularly encouraging students of Classes IX, X, XI and XII to participate.

The school authorities are requested to motivate students not merely to visit the exhibition but to actively explore books, participate in the interactive activities and make the most of the opportunity to engage with writers, theatre practitioners and cinema personalities.

It is hoped that schools will make this opportunity a meaningful educational experience for their students and help nurture among them a culture of reading, creativity, dialogue and learning beyond the classroom. Thanks.

Keerti Kirpal
Director Natyam Punjab

DR. KASHISH GUPTA
SURINDER KAUR
KEERTI KIRPAL

173, Home Land Enclave
Bathinda, Punjab151001
09815741465, 0987
www.natyampunjab
natyampunjab@gma